Ph. 227230

# ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਮਾਨਸਾ

ਇਹ ਦਫ਼ਤਰ ਜ਼ਿਲ੍ਹਾ ਪੱਧਰ ਤੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਅਧੀਨ ਕੰਮ ਕਰਦਾ ਹੈ ਜੋ ਕਿ ਮਾਨਸਾ ਵਿਖੇ ਨਵੀਂ ਕਚਹਿਰੀ ਰੋਡ ਵਿਖੇ ਸਥਿਤ ਹੈ। ਮਾਨਸਾ ਸਥਿਤ ਦਫ਼ਤਰ ਵਿੱਚ ਦੋ ਆਬਕਾਰੀ ਤੇ ਕਰ ਅਫ਼ਸਰ (ਸੇਲ ਟੈਕਸ) ਅਤੇ ਇੱਕ ਆਬਕਾਰੀ ਤੇ ਕਰ ਅਫ਼ਸਰ (ਆਬਕਾਰੀ) ਦਾ ਇਲਾਕਾ ਆਉਂਦਾ ਹੈ। ਵਾਰਡ ਨੰਬਰ 1 ਮਾਨਸਾ ਵਿੱਚ ਸ਼ਹਿਰ ਦਾ ਇਲਾਕਾ ਆਉਂਦਾ ਹੈ ਅਤੇ ਵਾਰਡ ਨੰਬਰ 2 ਮਾਨਸਾ ਵਿੱਚ ਕੁੱਝ ਇਲਾਕਾ ਸ਼ਹਿਰ ਮਾਨਸਾ ਦਾ ਸਰਦੂਲਗੜ੍ਹ, ਭੀਖੀ ਅਤੇ ਝੁਨੀਰ ਦਾ ਇਲਾਕਾ ਪੈਂਦਾ ਹੈ। ਆਬਕਾਰੀ ਤੇ ਕਰ ਅਫ਼ਸਰ (ਆਬਕਾਰੀ) ਅਧੀਨ ਪੰਜ ਆਬਕਾਰੀ ਸਰਕਲ ਆਉਂਦੇ ਹਨ ਹਰੇਕ ਸਰਕਲ ਵਿੱਚ ਇੱਕ ਆਬਕਾਰੀ ਨਿਰੀਖਕ ਤੈਨਾਤ ਹੁੰਦਾ ਹੈ। ਜ਼ਿਲ੍ਹੇ ਵਿੱਚ ਮਾਨਸਾ, ਭੀਖੀ, ਬੁਢਲਾਡਾ, ਬਰੇਟਾ ਅਤੇ ਸਰਦੂਲਗੜ੍ਹ ਪੰਜ ਆਬਕਾਰੀ ਸਰਕਲ ਹਨ। ਇਸ ਤੋਂ ਇਲਾਵਾ ਮਾਨਸਾ ਜ਼ਿਲ੍ਹੇ ਵਿੱਚ ਇੱਕ ਉਪ ਦਫ਼ਤਰ (ਸਬ ਆਫਿਸ) ਬੁਢਲਾਡਾ ਵਿਖੇ ਹੈ ਜਿਸ ਵਿੱਚ ਬੁਢਲਾਡਾ ਸ਼ਹਿਰ, ਬਰੇਟਾ ਅਤੇ ਬੋਹਾ ਇਲਾਕਾ ਆਉਂਦਾ ਹੈ। ਬੁਢਲਾਡਾ ਵਿਖੇ ਇੱਕ ਆਬਕਾਰੀ ਤੇ ਕਰ ਅਫ਼ਸਰ ਤੇ ਇੱਕ ਕਰ ਨਿਰੀਖਣ ਅਤੇ 2 ਕਲੈਰੀਕਲ ਸਟਾਫ਼ ਵੀ ਬੈਠਦਾ ਹੈ। ਮਾਨਸਾ ਜ਼ਿਲ੍ਹੇ ਵਿੱਚ 3 ਕਰ ਨਿਰੀਖਣ ਅਤੇ 5 ਆਬਕਾਰੀ ਨਿਰੀਖਣ ਕੰਮ ਕਰਦੇ ਹਨ।

*ਵਿਕਰੀ ਕਰ ਸਬੰਧੀ ਸੰਖੇਪ ਜਾਣਕਾਰੀ ਨਿਰਧਾਰਤ ਕਰ ਸਬੰਧੀ:*

- ਹਰ ਇੱਕ ਵਪਾਰੀ ਵਲੋਂ ਮਾਹਵਾਰੀ/ਤਿਮਾਹੀ ਗੋਸਵਾਰਾ ਬਣਦੇ ਟੈਕਸ ਸਮੇਤ ਵਿਕਰੀ ਕਰ ਦਫ਼ਤਰ ਦਾਖਲ ਕੀਤੇ ਜਾਂਦੇ ਹਨ। ਮਾਲੀ ਸਾਲ ਖਤਮ ਹੋਣ ਤੋਂ ਬਾਅਦ ਵਪਾਰੀ ਵਲੋਂ ਦਿੱਤੇ ਗੋਸਵਾਰਿਆਂ ਦਾ ਨਿਰਧਾਰਣ ਕੀਤਾ ਜਾਂਦਾ ਹੈ। ਜਿਸ ਸਬੰਧ ਵਿੱਚ ਵਪਾਰੀ ਨੂੰ ਨੋਟਿਸ ਐਸ.ਟੀ. 14 ਦਿੱਤਾ ਜਾਂਦਾ ਹੈ। ਕਿਸੇ ਤਰ੍ਹਾਂ ਦਾ ਫਰਕ ਨਿਕਲਣ ਤੇ ਟੈਕਸ ਅਤੇ ਢੁਕਵਾਂ ਜੁਰਮਾਨਾ ਵੀ ਲਗਾਇਆ ਜਾਂਦਾ ਹੈ।

*ਜੁਰਮਾਨਾ ਲਗਾਉਣ ਬਾਰੇ:*

ਹਰ ਇੱਕ ਵਪਾਰੀ ਨੂੰ ਆਪਣੀ 100 ਰੁਪਏ ਜਾਂ ਉਸ ਤੋਂ ਵੱਧ ਵਿਕਰੀ ਕਰਨ ਤੇ ਬਿੱਲ ਜਾਰੀ ਕਰਨਾ ਜ਼ਰੂਰੀ ਹੈ। ਜੇਕਰ ਉਹ ਬਿਲ ਜਾਰੀ ਨਹੀਂ ਕਰਦਾ ਤਾਂ ਫੜੇ ਜਾਣ ਤੇ ਵਿਕਰੀ ਕਰ ਦੀ ਧਾਰਾ 13 (3) ਅਧੀਨ ਉਸਨੂੰ 2000/- ਰੁਪਏ ਤੱਕ ਜੁਰਮਾਨਾ ਲਗਾਇਆ ਜਾ ਸਕਦਾ ਹੈ।

ਕਿਸੇ ਵੀ ਗੁਡਸ ਵਹੀਕਲ ਵਿੱਚ ਢੋਏ ਜਾ ਰਹੇ ਮਾਲ ਨਾਲ ਵਪਾਰੀ ਵਲੋਂ ਸਹੀ ਬਿੱਲ ਜਾਂ ਕਾਗਜ਼ ਨਾ ਦਿੱਤੇ ਜਾਣ ਦੀ ਸੂਰਤ ਵਿੱਚ ਟਰੱਕ ਨੂੰ ਵਿਕਰੀ ਕਰ ਦੀ ਧਾਰਾ 14(ਬੀ) 6 ਵਿੱਚ ਰੋਕਿਆਂ ਜਾਂਦਾ ਹੈ ਅਤੇ ਪੜਤਾਲ ਤੋਂ ਬਾਦ ਜੇਕਰ ਵਪਾਰੀ ਦਾ ਇਰਾਦਾ ਟੈਕਸ ਨੂੰ ਚੋਰੀ ਕਰਨ ਬਾਰੇ ਪਾਇਆ ਜਾਂਦਾ ਹੈ ਤਾਂ ਉਸ ਹਾਲਤ ਵਿੱਚ ਵਪਾਰੀ ਨੂੰ ਕੁੱਲ ਮਾਲ ਦੀ ਕੀਮਤ ਤੇ 20% ਤੋਂ 30% ਤੱਕ ਜੁਰਮਾਨਾ ਅਦਾ ਕਰਨਾ ਪੈਂਦਾ ਹੈ।

*ਪੰਜਾਬ ਮਨੋਰੰਜਨ ਕਰ ਸਬੰਧੀ:*

ਪੰਜਾਬ ਮਨੋਰੰਜਨ ਕਰ ਐਕਟ ਅਧੀਨ ਸਿਨੇਮਾ ਮਾਲਕਾਂ ਨੂੰ ਉਹਨਾਂ ਦੀ ਸਿਨੇਮੇ ਦੀ ਕੈਟੇਗਰੀ ਵਾਈਜ ਜੋ ਕਿ

ਏ.ਬੀ.ਸੀ.ਡੀ. ਹਨ ਦੇ ਅਨੁਸਾਰ ਯਕਮੁਕਤ ਕਰ ਅਦਾ ਕਰਨਾ ਹੁੰਦਾ ਹੈ। ਜਿਸ ਉਪਰੰਤ ਉਹ ਹਰ ਪੰਦਰਵਾੜੇ ਬਾਦ ਵਿਕਰੀ ਕਰ ਦਫ਼ਤਰ ਗੋ ਸਵਾਰਾ ਦਾਇਰ ਕਰਦੇ ਹਨ। ਇਸ ਵੇਲੇ ਜ਼ਿਲ੍ਹਾ ਮਾਨਸਾ ਵਿੱਚ ਦੋ ਸਿਨੇਮੇ ਚੱਲ ਰਹੇ ਹਨ।

ਕੇਬਲ ਟੀ.ਵੀ. ਵਾਲਿਆਂ ਨੂੰ ਸਲਾਨਾ 15000/- ਰੁਪਏ ਅਤੇ ਵੀਡਿਓ ਹਾਊਸ ਨੂੰ 8000/- ਰੁਪਏ ਸਲਾਨਾ ਯਕਮੁਕਤ ਮਨੋਰੰਜਨ ਕਰ ਦੇਣਾ ਹੁੰਦਾ ਹੈ।

### *ਆਬਕਾਰੀ ਐਕਟ ਅਧੀਨ ਨਵੀਨੀਕਰਣ:*

ਲਾਇਸੰਸ ਐਲ-1, ਐਲ-3ਏ, ਐਲ-4ਏ, ਐਲ-5ਏ, ਐਲ-9, ਐਲ-12, ਐਲ-17, ਹਰ ਸਾਲ ਨਿਸ਼ਚਿਤ ਫੀਸ ਤੇ ਨਵਕਿਰਤ ਕੀਤੇ ਜਾਂਦੇ ਹਨ। ਇਨ੍ਹਾਂ ਨੂੰ ਨਵਕਿਰਤ ਕੀਤੇ ਜ਼ਾਣ ਵਾਸਤੇ ਅਰਜ਼ੀਆਂ 31 ਜਨਵਰੀ ਤੱਕ ਇਸ ਦਫ਼ਤਰ ਵਿੱਚ ਆਉਂਦੀਆਂ ਹਨ। ਦਫ਼ਤਰ ਵਲੋਂ ਸਾਰੇ ਕੇਸ ਤਿਆਰ ਕਰਕੇ 10 ਫਰਵਰੀ ਤੱਕ ਉਪ ਆਬਕਾਰੀ ਤੇ ਕਰ ਕਮਿਸ਼ਨਰ, ਮੰਡਲ ਇੰਚਾਰਜ ਨੂੰ ਨਵਕਿਰਤ ਕਰਨ ਲਈ ਭੇਜ ਦਿੱਤੇ ਜਾਂਦੇ ਹਨ ਜੋ ਕਿ 28 ਫਰਵਰੀ ਤੱਕ ਨਵਕਿਰਤ ਕਰਨ ਉਪਰੰਤ ਇਸ ਦਫ਼ਤਰ ਨੂੰ ਵਾਪਸ ਭੇਜ ਦਿੰਦੇ ਹਨ। ਇਸ ਦਫ਼ਤਰ ਵਲੋਂ ਨਿਯਤ ਫੀਸ 31 ਮਾਰਚ ਤੋਂ ਪਹਿਲਾਂ ਪਹਿਲਾਂ ਵਸੂਲ ਕੀਤੀ ਜਾਂਦੀ ਹੈ।

### *ਨੀਲਾਮ ਕੀਤੇ ਲਾਇਸੰਸ:*

ਲਾਇਸੰਸ ਐਲ-13, ਐਲ-13ਏ, ਐਲ-14ਏ, ਐਲ-2ਏ, ਅਤੇ ਐਲ-1ਏ, ਐਲ-2, ਆਮ ਖੁੱਲ੍ਹੀ ਬੋਲੀ ਵਿੱਚ ਦਿੱਤੇ ਜਾਂਦੇ ਹਨ। ਜਿਨਾਂ ਨੂੰ ਨੀਲਾਮ ਕਰਨ ਦੀ ਕਾਰਵਾਈ ਨਵੰਬਰ ਦਸੰਬਰ ਮਹੀਨੇ ਵਿੱਚ ਸ਼ੁਰੂ ਹੋ ਜਾਂਦੀ ਹੈ। ਨੀਲਾਮੀ ਮਾਰਚ ਮਹੀਨੇ ਵਿੱਚ ਹੁੰਦੀ ਹੈ। ਨਿਲਾਮੀ ਦੀ ਰਕਮ ਦਾ ਨਿਯਤ ਹਿੱਸਾ ਕਾਨੂੰਨ ਅਨੁਸਾਰ ਸਕਿਉਰਿਟੀ ਵਜੋਂ ਮਾਰਚ ਵਿੱਚ ਹੀ ਵਸੂਲ ਕਰ ਲਿਆ ਜਾਂਦਾ ਹੈ ਅਤੇ ਬਾਕੀ ਰਕਮ 9 ਕਿਸ਼ਤਾਂ ਵਿੱਚ ਦਸੰਬਰ ਮਹੀਨੇ ਤੱਕ ਵਸੂਲੀ ਕੀਤੀ ਜਾਂਦੀ ਹੈ। ਇਹਨਾਂ ਲਾਇਸੰਸਾਂ ਵਾਸਤੇ ਸਥਾਨਾਂ ਦੀ ਮੰਨਜ਼ੂਰੀ ਅਪ੍ਰੈਲ ਮਹੀਨੇ ਵਿੱਚ ਮੁਕੰਮਲ ਕਰ ਲਈ ਜਾਂਦੀ ਹੈ। ਆਬਕਾਰੀ ਤੇ ਕਰ ਅਫ਼ਸਰ (ਆਬਕਾਰੀ) ਆਪਣੇ ਜ਼ਿਲ੍ਹੇ ਵਿੱਚ ਪੈਂਦੇ ਆਬਕਾਰੀ ਸਰਕਲਾਂ ਦੀ ਇੰਸਪੈਕਟਰਾਂ ਦੇ ਨਾਲ ਨਜ਼ਾਇਜ ਸ਼ਰਾਬ ਨੂੰ ਫੜਨ ਲਈ ਰੇਡ ( ਅਚਨਚੇਤ ਛਾਪਾਮਾਰੀ ) ਵੀ ਕਰਦੇ ਹਨ। ਬਾਕੀ ਕੰਮ ਮਾਲੀਆ ਇਕੱਠਾ ਕਰਨ ਸੰਬੰਧੀ ਸਾਰਾ ਸਾਲ ਚਲਦਾ ਰਹਿੰਦਾ ਹੈ।